. [This question paper contains 2 printed pages.]

**Your Roll No...............**

**Sr. No. of Question Paper : 6112** **J**

Unique Paper Code : 2122103602

Name of the Paper : Madhkali Birtantak Kaav ate Vartak

Name of the Course : **B.A. (Hons) DSC**

Semester : VI

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ |**

**(ਭਾਗ ਪਹਿਲਾ)**

1. ਮੱਧਕਾਲੀ ਬਿਰਤਾਂਤਤ ਕਾਵਿ ਦੀ ਪਰਿਭਾਸ਼ਾ ਦਿੰਦੇ ਹੋਏ ਕਿੱਸਾ ਅਤੇ ਵਾਰ ਵਿਚਲੇ ਅੰਤਰ ਨੂੰ ਉਦਾਹਰਨਾਂ ਦੇ ਕੇ ਸਪਸ਼ਟ ਕਰੋ। 15

ਜਾਂ

'ਮੱਧਕਾਲ ਦਾ ਸਾਹਿਤ ਪੰਜਾਬੀ ਸਾਹਿਤ ਵਿਚ ਮੀਲ ਪੱਥਰ ਵਜੋਂ ਪੇਸ਼ ਹੋਇਆ ਹੈ' ਮੱਧਕਾਲੀ ਰੂਪਾਕਾਰਾਂ ਦੇ ਹਵਾਲੇ ਨਾਲ ਬਿਆਨ ਕਰੋ।

**(ਭਾਗ ਦੂਜਾ)**

2. ਪੀਲੂ ਰਚਿਤ ਮਿਰਜ਼ਾ ਸਾਹਿਬਾਂ ਵਿਚ ਆਏ ਕਾਂਡ 'ਘਰ ਖੀਵੇ ਦੇ ਸਾਹਿਬਾਂ ਜੰਮੀ ਮੰਗਲਵਾਰ' ਦੀ ਵਿਆਖਿਆ ਕਰਦੇ ਹੋਏ ਇਸ ਦਾ ਚਿਤਰਣ ਪੇਸ਼ ਕਰੋ। 15

ਜਾਂ

ਚੱਠਿਆਂ ਦੀ ਵਾਰ ਵਿਚ ਪੇਸ਼ 'ਲਸ਼ਕਰ ਮਹਾਂ ਸਿੰਘ ਦਾ ਦਰਿਆਈ ਕਾਂਗਾਂ' ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ।

3. 'ਨਾਜ਼ੁਕ ਪੈਰ ਮਲੂਕ ਸੱਸੀ ਦੇ' ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। 10

ਜਾਂ

'ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ' ਚੰਡੀ ਦੀ ਵਾਰ ਵਿਚੋਂ ਲਈ ਗਈ ਪਉੜੀ ਹੈ, ਇਸ ਪਉੜੀ ਨੂੰ ਵਾਰ ਦੇ ਸੰਦਰਭ ਵਿਚ ਵਿਚਾਰੋ।

*P.T.O.*

(ਭਾਗ ਤੀਜਾ)

4. ਕਿੱਸੇ ਦੇ ਅੰਤ 'ਤੇ 'ਸੋਹਣੀ ਦੀ ਲਾਸ਼ ਦਾ ਮਹੀਂਵਾਲ ਵੱਲ ਸੁਨੇਹਾ' ਕਾਂਡ ਵਿਚ ਪੇਸ਼ ਹੋਇਆ ਚਿੱਤਰਣ ਅਤੇ ਸੋਹਣੀ ਦਾ ਦਰਦ ਕਿਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ? ਕਿੱਸੇ ਦੇ ਅਧਾਰ 'ਤੇ ਪੇਸ਼ ਕਰੋ। 15

ਜਾਂ

ਵਾਰ ਅਤੇ ਜੰਗਨਾਮਾ ਵਿਚ ਕੀ-ਕੀ ਸਾਂਝਾਂ ਹਨ? ਉਦਾਹਰਨਾਂ ਸਹਿਤ ਸਮਝਾਓ।

5. ਹੀਰ ਰਾਂਝਾ ਬੰਦ ਵਿਚ ਆਏ 'ਹੋਕਾ ਫਿਰੇ ਦਿੰਦਾ ਪਿੰਡਾਂ ਵਿੱਚ ਸਾਰੇ' ਕਿਸ ਸੰਦਰਭ ਵਿਚ ਲਿਖਿਆ ਗਿਆ ਹੈ? ਚਰਚਾ ਕਰੋ। 10

ਜਾਂ

'ਆਈਆਂ ਪੜਤਲਾਂ ਬੀੜ ਕੇ ਤੋਪਖਾਨੇ' ਕਿਸ ਵਾਰ ਵਿਚੋਂ ਲਿਆ ਗਿਆ ਹੈ? ਵਿਆਖਿਆ ਸਹਿਤ ਦੱਸੋ।

(ਭਾਗ ਚੌਥਾ)

6. ਪੁਰਾਤਨ ਜਨਮਸਾਖੀ ਇਕ ਇਤਿਹਾਸਕ ਦਸਤਾਵੇਜ ਹੈ, ਇਸ ਦੇ ਪੰਜਾਬੀ ਸਾਹਿਤ ਵਿਚ ਪਾਏ ਗਏ ਵੱਡਮੁੱਲੇ ਯੋਗਦਾਨ ਬਾਰੇ ਚਰਚਾ ਕਰੋ। 15

ਜਾਂ

'ਅਵਤਾਰ, ਬਾਲਪਨ ਅਤੇ ਕਾਜ਼ੀ ਚਰਚਾ' ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਕਿਸ ਵੱਲ ਸੰਕੇਤ ਕਰ ਰਹੇ ਹਨ? ਵਿਚਾਰ ਕਰੋ।

7. 'ਨਮਾਜ਼' ਜਨਮਸਾਖੀ ਵਿਚ ਗੁਰੂ ਸਾਹਿਬ ਕਿਸ ਦੀ ਮਹੱਤਤਾ ਵੱਲ ਇਸ਼ਾਰਾ ਕਰ ਰਹੇ ਹਨ? ਪੁਰਾਤਨ ਜਨਮਸਾਖੀ ਦੇ ਸੰਦਰਭ ਵਿਚ ਬਿਆਨ ਕਰੋ। 10

ਜਾਂ

'ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਅਤੇ ਜੋਤੀ ਜੋਤਿ ਸਮਾਉਣਾ' ਜਨਮਸਾਖੀ ਕਿਨ੍ਹਾਂ ਗੱਲਾਂ ਕਰਕੇ ਮਹੱਤਵ ਰੱਖਦੀ ਹੈ? ਚਰਚਾ ਕਰੋ।